# ਜਦੋਂ ਤੁਸੀਂ ਸਾਡੇ ਨਾਲ ਸਹਾਇਤਾ ਲਈ ਸੰਪਰਕ ਕਰਦੇ ਹੋ

## ਹਾਟਲਾਈਨ ਤੁਹਾਡੀ ਮਦਦ ਕਰ ਸਕਦੀ ਹੈ:

- ਨਫ਼ਰਤ ਅਧਾਰਿਤ ਅਪਰਾਧ ਅਤੇ
ਪੱਖਪਾਤ ਵਾਲੀ ਘਟਨਾ ਵਿਚਕਾਰ ਅੰਤਰ ਨੂੰ ਸਮਝੋ
- ਜਾਣੋ ਕਿ ਕਿਹੜੇ ਵਿਕਲਪ ਅਤੇ ਸਰੋਤ ਉਪਲਬਧ ਹਨ
- ਆਪਣੇ ਖੇਤਰ ਵਿੱਚ ਪੀੜਤ-ਕੇਂਦਰਿਤ, ਸੱਭਿਆਚਾਰਕ ਤੌਰ 'ਤੇ ਸਮਝਦਾਰ ਅਤੇ ਸਦਮੇ ਸੰਬੰਧੀ ਸੰਵੇਦਨਸ਼ੀਲ ਸੇਵਾਵਾਂ ਨਾਲ ਜੁੜੋ

ਤੁਸੀਂ ਹਾਟਲਾਈਨ ਨਾਲ ਸੰਪਰਕ ਕਰ ਸਕਦੇ ਹੋ, ਭਾਵੇਂ ਤੁਸੀਂ ਇਸ ਘਟਨਾ ਦੇ ਸਿੱਧੇ ਸ਼ਿਕਾਰ ਬਣੇ ਹੋ ਜਾਂ ਅਜਿਹਾ ਕੁਝ ਹੁੰਦੇ ਵੇਖਿਆ ਹੋਵੇ।

## Hate Crimes & Bias Incidents Hotline ਬਾਰੇ ਜਾਣਕਾਰੀ

**ਹਾਟਲਾਈਨ ਇੱਕ ਗੈਰ-ਐਮਰਜੈਂਸੀ ਜਾਣਕਾਰੀ ਅਤੇ ਨਫ਼ਰਤ ਅਧਾਰਿਤ ਅਪਰਾਧਾਂ ਅਤੇ ਪੱਖਪਾਤ ਵਾਲੀਆਂ ਘਟਨਾਵਾਂ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਸਹਾਇਤਾ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ
ਹਵਾਲਾ ਕੇਂਦਰ** ਹੈ। ਹਾਟਲਾਈਨ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ ਅਤੇ ਇਹ ਗੁਪਤ ਹੈ। ਹਾਟਲਾਈਨ ਸਿਰਫ਼ ਉਸ ਸਮੇਂ ਕਾਨੂੰਨੀ ਅਧਿਕਾਰੀਆਂ ਨਾਲ ਸੰਪਰਕ ਕਰਦੀ ਹੈ ਜਦੋਂ ਤੁਸੀਂ ਚਾਹੁੰਦੇ ਹੋ ਅਤੇ ਤੁਹਾਡੀ ਸਹਿਮਤੀ ਹੋਵੇ।

### ਰਿਪੋਰਟ ਕਿਵੇਂ ਕਰਨੀ ਹੈ

855-225-1010
atg.wa.gov/report-hate

ਤੁਹਾਡਾ ਸੰਪਰਕ ਕਿਸੇ ਅਜਿਹੇ ਵਿਅਕਤੀ ਨਾਲ ਕਰਵਾਇਆ ਜਾਵੇਗਾ ਜੋ ਤੁਹਾਡੀ ਭਾਸ਼ਾ ਬੋਲਦਾ ਹੋਵੇ।

ਹਾਟਲਾਈਨ ਗੁਪਤ, ਮੁਫ਼ਤ ਹੈ ਅਤੇ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਪੂਰੇ ਰਾਜ ਵਿੱਚ ਉਪਲਬਧ ਹੈ। ਅਸੀਂ ਪੁਲਿਸ ਨਹੀਂ ਹਾਂ ਅਤੇ ਅਸੀਂ ਤੁਹਾਡੀ ਇਜਾਜ਼ਤ ਤੋਂ ਬਿਨਾਂ ਪੁਲਿਸ ਨੂੰ ਰਿਪੋਰਟ ਨਹੀਂ ਕਰਦੇ ਹਾਂ।

ਇਸ ਨੂੰ Washington State Office of the Attorney General (ਵਾਸ਼ਿੰਗਟਨ ਰਾਜ ਦੇ ਮੁੱਖ ਕਾਨੂੰਨੀ ਅਧਿਕਾਰੀ ਦੇ ਦਫ਼ਤਰ) ਵੱਲੋਂ ਪ੍ਰਦਾਨ ਕੀਤਾ ਗਿਆ ਹੈ।

ਨਫ਼ਰਤ ਦੀ ਰਿਪੋਰਟ ਕਰੋ
ਸਹਾਇਤਾ ਪ੍ਰਾਪਤ ਕਰੋ

Washington State Hate Crimes
& Bias Incidents Hotline

# ਨਫ਼ਰਤ ਦੀ ਰਿਪੋਰਟ ਕਰੋ। ਸਹਾਇਤਾ ਪ੍ਰਾਪਤ ਕਰੋ।

ਨਫ਼ਰਤ ਅਤੇ ਪੱਖਪਾਤ ਦਾ ਵਿਅਕਤੀਆਂ, ਪਰਿਵਾਰਾਂ ਅਤੇ ਭਾਈਚਾਰਿਆਂ 'ਤੇ ਅਸਲ ਪ੍ਰਭਾਵ ਪੈਂਦਾ ਹੈ। Washington State Hate Crimes & Bias Incidents Hotline (ਵਾਸ਼ਿੰਗਟਨ ਰਾਜ ਦੀਆਂ ਨਫ਼ਰਤ ਅਧਾਰਿਤ ਅਪਰਾਧਾਂ ਅਤੇ ਪੱਖਪਾਤ ਵਾਲੀਆਂ ਘਟਨਾਵਾਂ ਲਈ ਹਾਟਲਾਈਨ) ਹਰ ਉਸ ਵਿਅਕਤੀ ਦੀ ਸਹਾਇਤਾ ਕਰਨ ਲਈ ਉਪਲਬਧ ਹੈ, ਜੋ ਨਫ਼ਰਤ ਭਰੀ ਘਟਨਾ ਦਾ ਸ਼ਿਕਾਰ ਬਣਿਆ ਹੋਵੇ ਜਾਂ ਅਜਿਹਾ ਕੁਝ ਹੁੰਦੇ ਵੇਖਿਆ ਹੋਵੇ।

ਹਾਟਲਾਈਨ ਪੂਰੇ ਰਾਜ ਵਿੱਚ **ਮੁਫ਼ਤ, ਗੁਪਤ** ਮਦਦ ਪ੍ਰਦਾਨ ਕਰਦੀ ਹੈ। ਤੁਹਾਨੂੰ ਇਹ ਜਾਣਨ ਦੀ ਲੋੜ ਨਹੀਂ ਹੈ ਕਿ ਜੋ ਹੋਇਆ ਉਹ ਜੁਰਮ ਸੀ ਜਾਂ ਨਹੀਂ। ਅਸੀਂ ਤੁਹਾਡੇ ਵਿਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਾਂਗੇ।

### ਹਾਟਲਾਈਨ ਨਾਲ ਸੰਪਰਕ ਕਰੋ

855-225-1010
atg.wa.gov/report-hate

**ਕਈ ਭਾਸ਼ਾਵਾਂ ਵਿੱਚ ਉਪਲਬਧ ਹੈ**

ਹਾਟਲਾਈਨ ਗੁਪਤ, ਮੁਫ਼ਤ ਹੈ ਅਤੇ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਪੂਰੇ ਰਾਜ ਵਿੱਚ ਉਪਲਬਧ ਹੈ। ਅਸੀਂ ਪੁਲਿਸ ਨਹੀਂ ਹਾਂ ਅਤੇ ਅਸੀਂ ਤੁਹਾਡੀ ਇਜਾਜ਼ਤ ਤੋਂ ਬਿਨਾਂ ਪੁਲਿਸ ਨੂੰ ਰਿਪੋਰਟ ਨਹੀਂ ਕਰਦੇ ਹਾਂ।

ਇਸ ਨੂੰ Washington State Office of the Attorney General ਵੱਲੋਂ ਪ੍ਰਦਾਨ ਕੀਤਾ ਗਿਆ ਹੈ।

ਨਫ਼ਰਤ ਦੀ ਰਿਪੋਰਟ ਕਰੋ
ਸਹਾਇਤਾ ਪ੍ਰਾਪਤ ਕਰੋ

Washington State Hate Crimes & Bias Incidents Hotline

## ਨਫ਼ਰਤ ਅਧਾਰਿਤ ਅਪਰਾਧ ਕੀ ਹੈ?

ਵਾਸ਼ਿੰਗਟਨ ਵਿੱਚ ਨਫ਼ਰਤ ਅਧਾਰਿਤ ਅਪਰਾਧ ਕਈ ਕਿਸਮਾਂ ਵਿੱਚੋਂ ਇੱਕ ਹੋ ਸਕਦਾ ਹੈ। ਇਹ ਕਿਸੇ ਹੋਰ ਵਿਅਕਤੀ ਦੇ ਵਿਰੁੱਧ **ਨੁਕਸਾਨਦਾਇਕ ਅਤੇ ਜਾਣਬੁੱਝ ਕੇ ਹਮਲਾ, ਜਾਇਦਾਦ ਨੂੰ ਨੁਕਸਾਨ ਜਾਂ ਹਮਲੇ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ** ਹੋ ਸਕਦੀ ਹੈ।

### ਨਫ਼ਰਤ ਅਧਾਰਿਤ ਅਪਰਾਧ ਉਸ ਵਿਅਕਤੀ ਦੀ ਮੰਨੀ ਗਈ ਜਾਂ ਅਸਲ ਪਛਾਣ ਦੇ ਕਾਰਨ ਕੀਤਾ ਜਾਂਦਾ ਹੈ:

- ਜਾਤੀ
- ਰੰਗ
- ਧਰਮ
- ਪੀੜ੍ਹੀ
- ਰਾਸ਼ਟਰੀ ਮੂਲ
- ਲਿੰਗ
- ਜਿਨਸੀ ਰੁਝਾਨ
- ਲਿੰਗ ਪ੍ਰਗਟਾਵਾ ਜਾਂ ਪਛਾਣ
- ਮਾਨਸਿਕ, ਸਰੀਰਕ ਜਾਂ ਸੰਵੇਦੀ ਅਪਾਹਜਤਾ

**ਵਾਸ਼ਿੰਗਟਨ** (Revised Code of Washington (RCW, ਵਾਸ਼ਿੰਗਟਨ ਦਾ ਸੰਸ਼ੋਧਿਤ ਕੋਡ) 9A.36.080) **ਵਿੱਚ ਨਫ਼ਰਤ ਅਧਾਰਿਤ ਅਪਰਾਧ ਗੰਭੀਰ ਅਪਰਾਧ ਹਨ।**

## ਪੱਖਪਾਤ ਵਾਲੀ ਘਟਨਾ ਕੀ ਹੈ?

ਪੱਖਪਾਤ ਵਾਲੀ ਘਟਨਾ ਕਿਸੇ ਹੋਰ ਵਿਅਕਤੀ ਪ੍ਰਤੀ ਉਸਦੀ ਮੰਨੀ ਗਈ ਜਾਂ ਅਸਲ ਪਛਾਣ ਦੇ ਆਧਾਰ 'ਤੇ **ਦੁਸ਼ਮਣੀ ਭਰੀ ਭਾਵਨਾ ਦਾ ਪ੍ਰਗਟਾਵਾ** ਹੁੰਦੀ ਹੈ:

- ਜਾਤੀ
- ਰੰਗ
- ਮਤ ਜਾਂ ਧਰਮ
- ਪੀੜ੍ਹੀ
- ਰਾਸ਼ਟਰੀ ਮੂਲ
- ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ
- ਲਿੰਗ
- ਸਮਾਨਿਤ ਤੌਰ 'ਤੇ ਸੇਵਾ ਮੁਕਤ ਸਾਬਕਾ ਸੈਨਿਕ ਜਾਂ ਫੌਜੀ ਸਥਿਤੀ
- ਜਿਨਸੀ ਰੁਝਾਨ
- ਲਿੰਗ ਪ੍ਰਗਟਾਵਾ ਜਾਂ ਪਛਾਣ
- ਸੰਵੇਦੀ, ਮਾਨਸਿਕ ਜਾਂ ਸਰੀਰਕ ਅਪਾਹਜਤਾ
- ਸਿਖਲਾਈ ਪ੍ਰਾਪਤ ਗਾਈਡ ਕੁੱਤਾ ਜਾਂ ਸੇਵਾ ਵਾਲੇ ਜਾਨਵਰ ਦੀ ਵਰਤੋਂ

### ਪੱਖਪਾਤ ਵਾਲੀ ਘਟਨਾ ਕਿਸੇ ਅਪਰਾਧ ਦੇ ਪੱਧਰ ਤੱਕ ਨਹੀਂ ਪਹੁੰਚਦੀ ਹੈ।

**ਉਦਾਹਰਨਾਂ ਵਿੱਚ ਸ਼ਾਮਲ ਹਨ:**

- ਮੰਨੀ ਗਈ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨਾ।
- ਨਸਲਵਾਦੀ ਜਾਂ ਅਪਮਾਨਜਨਕ ਚਿੱਤਰ ਜਾਂ ਡਰਾਇੰਗ ਬਣਾਉਣਾ।
- ਕਿਸੇ ਦੀ ਅਪਾਹਜਤਾ, ਸੱਭਿਆਚਾਰਕ ਰਿਵਾਜਾਂ ਜਾਂ ਅਭਿਆਸਾਂ ਦਾ ਮਜ਼ਾਕ ਉਡਾਉਣਾ।